# ਕੀ ਤੁਹਾਨੂੰ ਹੈਪੇਟਾਈਟਸ ਬੀ ਦਾ ਟੈਸਟ ਕਰਵਾਉਣਾ ਚਾਹੀਦਾ ਹੈ?



- ਹੈਪੇਟਾਈਟਸ ਬੀ ਇੱਕ ਅਜਿਹਾ ਵਾਇਰਸ ਹੈ ਜੋ ਜਿਗਰ 'ਤੇ ਹਮਲਾ ਕਰਦਾ ਹੈ ਅਤੇ ਜਿਗਰ ਦੇ ਕੈਂਸਰ ਦਾ ਕਾਰਨ ਬਣ ਸਕਦਾ ਹੈ।
- ਬਹੁਤ ਸਾਰੇ ਲੋਕਾਂ ਨੂੰ ਇਹ ਪਤਾ ਵੀ ਨਹੀਂ ਹੁੰਦਾ ਕਿ ਉਹਨਾਂ ਨੂੰ ਹੈਪੇਟਾਈਟਸ ਬੀ ਹੈ ਕਿਉਂਕਿ ਉਹ ਕੋਈ ਲੱਛਣ ਜਾਂ ਬਿਮਾਰ ਮਹਿਸੂਸ ਨਹੀਂ ਕਰਦੇ ਹਨ, ਪਰ ਉਹ ਵਾਇਰਸ ਨੂੰ ਦੂਜਿਆਂ ਤੱਕ ਫੈਲਾਅ ਸਕਦੇ ਹਨ।
- ਹੈਪੇਟਾਈਟਸ ਬੀ ਨੂੰ ਰੋਕਣ ਲਈ ਇੱਕ ਸੁਰੱਖਿਅਤ ਅਤੇ ਅਸਰਦਾਰ ਟੀਕਾ ਉਪਲਬਧ ਹੈ।

## ਹੈਪੇਟਾਈਟਸ ਬੀ ਇਸ ਤਰ੍ਹਾਂ ਫੈਲਦਾ ਹੈ:

- ਜਨਮ ਦੌਰਾਨ ਗਰਭਵਤੀ ਔਰਤ ਤੋਂ ਬੱਚੇ ਨੂੰ
- ਜਿਨਸੀ ਸੰਪਰਕ ਨਾਲ
- ਕਿਸੇ ਸੰਕ੍ਰਮਿਤ ਵਿਅਕਤੀ ਦੇ ਖੂਨ ਦੇ ਸੰਪਰਕ ਵਿੱਚ ਆਉਣ ਨਾਲ
- ਕਿਸੇ ਨਾਲ ਉਸਤਰਾ, ਦੰਦਾਂ ਦਾ ਬੁਰਸ਼, ਨਹੁੰ ਕੱਟਰ ਸਾਂਝਾ ਕਰਨ ਨਾਲ

## ਹੈਪੇਟਾਈਟਸ B ਇਸ ਤਰ੍ਹਾਂ ਨਹੀਂ ਫੈਲਦਾ:

- ਭੋਜਨ ਜਾਂ ਖਾਣ ਦੇ ਭਾਂਡੇ ਸਾਂਝੇ ਕਰਨ ਨਾਲ
- ਜੱਫੀ ਪਾਉਣ, ਚੁੰਮਣ, ਜਾਂ ਹੱਥ ਫੜਨ ਨਾਲ

## ਟੈਸਟ ਕਿਸਨੂੰ ਕਰਵਾਉਣਾ ਚਾਹੀਦਾ ਹੈ?

- ਗਰਭਵਤੀ ਔਰਤਾਂ ਨੂੰ
- ਹੈਪੇਟਾਈਟਸ ਬੀ ਨਾਲ ਸੰਕ੍ਰਮਿਤ ਵਿਅਕਤੀ ਦੇ ਨਾਲ ਰਹਿਣ ਵਾਲਿਆਂ ਨੂੰ
- ਅਜਿਹੇ ਖੇਤਰਾਂ ਵਿੱਚ ਜਨਮੇ ਲੋਕਾਂ ਨੂੰ ਜਿੱਥੇ ਹੈਪੇਟਾਈਟਸ ਬੀ ਕਾਫੀ ਆਮ ਹੈ ਜਾਂ ਜਿਹਨਾਂ ਦੇ ਮਾਪੇ ਅਜਿਹੇ ਖੇਤਰਾਂ ਵਿੱਚ ਪੈਦਾ ਹੋਏ ਸਨ, ਜਿਵੇਂ ਕਿ ਅਫਰੀਕਾ ਜਾਂ ਏਸ਼ੀਆ
- ਉਹ ਲੋਕ ਜਿਹਨਾਂ ਦੀ ਸਿਹਤ ਨੂੰ ਕੁਝ ਖਾਸ ਜੋਖਮ ਹਨ

**ਜ਼ਿਆਦਾ ਜਾਣਕਾਰੀ ਲਈ ਇੱਥੇ ਜਾਓ:**
**www.cdc.gov/hepatitis/hbv/**
**doh.wa.gov/hepbhub**

Hep B Hub
doh.wa.gov/hepbhub

Washington State Department of Health  DOH 420-408  May 2022 Punjabi

ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-525-0127 'ਤੇ ਕਾਲ ਕਰੋ। ਬਹਿਰੇ ਗਾਹਕ ਜਾਂ ਜਿੰਨ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ civil.rights@doh.wa.gov 'ਤੇ ਈਮੇਲ ਕਰੋ। Minnesota Department of Health (ਮਿਨੀਸੋਟਾ ਸਿਹਤ ਵਿਭਾਗ) ਦੀ ਮਨਜ਼ੂਰੀ ਨਾਲ ਰੂਪਾਂਤਰਨ ਕੀਤਾ ਗਿਆ